# ਮੇਰੇ ਸਿਹਤ ਸੰਭਾਲ ਹੱਕ

ਇਹ **ਆਸਟ੍ਰੇਲੀਅਨ ਚਾਰਟਰ ਆਫ ਹੈਲਥ ਕੇਅਰ ਰਾਈਟਸ** ਦਾ ਦੂਜਾ ਐਡੀਸ਼ਨ ਹੈ।

ਇਹ ਹੱਕ, ਆਸਟ੍ਰੇਲੀਆ ਵਿਚ ਸਾਰੀਆਂ ਥਾਵਾਂ, ਜਿੱਥੇ ਸਿਹਤ ਸੰਭਾਲ ਪ੍ਰਦਾਨ ਕੀਤੀ ਜਾਂਦੀ ਹੈ, ਤੇ ਰਹਿਣ ਵਾਲੇ ਸਾਰੇ ਲੋਕਾਂ ਤੇ ਲਾਗੂ ਹੁੰਦੇ ਹਨ।

ਇਹ ਚਾਰਟਰ, ਉਹ ਸਭ ਕੁਝ ਬਿਆਨ ਕਰਦਾ ਹੈ, ਜੋ ਤੁਸੀਂ ਜਾਂ ਜਸਿ ਦੀ ਤੁਸੀਂ ਸੰਭਾਲ ਕਰਦੇ ਹੋ, ਸਹਿਤ ਸੰਭਾਲ ਹਾਸਲ ਕਰਦੇ ਸਮੇਂ ਉਮੀਦ ਕਰ ਸਕਦਾ ਹੈ।



## ਮੈਨੂੰ ਹੇਠਾਂ ਦਿਤੇ ਹੱਕ ਹਨ:

### ਪਹੁੰਚ

- ਸਿਹਤ ਸੰਭਾਲ ਸੇਵਾਵਾਂ ਅਤੇ ਇਲਾਜ ਜੋ ਮੇਰੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ

### ਸੁਰੱਖਿਆ

- ਸੁਰੱਖਿਅਤ ਅਤੇ ਉੱਚ ਗੁਣਵੱਤਾ ਵਾਲੀ ਸਿਹਤ ਸੰਭਾਲ ਹਾਸਲ ਕਰਨਾ ਜਿਹੜੀ ਕਿ ਰਾਸ਼ਟਰੀ ਮਿਆਰਾਂ ਤੇ ਖਰੀ ਉਤਰਦੀ ਹੈ
- ਅਜਿਹੇ ਵਾਤਾਵਰਣ ਵਿਚ ਸੰਭਾਲ ਪ੍ਰਾਪਤ ਕਰਨਾ ਜਿਹੜੀ ਕਿ ਮੈਨੂੰ ਸੁਰੱਖਿਅਤ ਮਹਿਸੂਸ ਕਰਵਾਏ

### ਆਦਰ

- ਇਕ ਵਿਅਕਤੀ ਦੀ ਤਰ੍ਹਾਂ ਅਤੇ ਮਾਣ ਅਤੇ ਸਨਮਾਨ ਨਾਲ ਇਲਾਜ ਕੀਤਾ ਜਾਵੇ
- ਮੇਰੇ ਸਭਿਆਚਾਰ, ਪਛਾਣ, ਵਿਸ਼ਵਾਸਾਂ ਅਤੇ ਚੋਣਾਂ ਨੂੰ ਮਾਨਤਾ ਅਤੇ ਆਦਰ ਦਿੱਤਾ ਜਾਵੇ

### ਸਾਂਝੀਦਾਰੀ

- ਸਵਾਲ ਪੁੱਛਣ ਦਾ ਅਤੇ ਖੁਲ੍ਹੇ ਅਤੇ ਇਮਾਨਦਾਰ ਸੰਚਾਰ ਵਿਚ ਸ਼ਮੂਲੀਅਤ
- ਆਪਣੇ ਸਿਹਤ ਸੰਭਾਲ ਪ੍ਰਦਾਨ ਕਰਤਾ ਨਾਲ ਜਿਸ ਹੱਦ ਤੱਕ ਮੈਂ ਚਾਹਵਾਂ ਜਾਂ ਯੋਗ ਹੋਵਾਂ, ਫੈਸਲੇ ਕਰਾਂ
- ਯੋਜਨਾ ਬਣਾਉਣ ਅਤੇ ਫੈਸਲੇ ਕਰਨ ਵਿਚ ਜਿਨ੍ਹਾਂ ਲੋਕਾਂ ਨੂੰ ਮੈਂ ਚਾਹਵਾਂ, ਉਨ੍ਹਾਂ ਨੂੰ ਸ਼ਾਮਲ ਕਰ ਸਕਾਂ

### ਸੂਚਨਾ

- ਮੇਰੀ ਹਾਲਤ, ਵੱਖ ਵੱਖ ਟੈਸ਼ਟਾਂ ਅਤੇ ਇਲਾਜਾਂ ਦੇ ਸੰਭਾਵੀ ਲਾਭਾਂ ਅਤੇ ਜੋਖਮਾਂ ਦੇ ਬਾਰੇ ਸਪਸ਼ਟ ਸੂਚਨਾ, ਤਾਂ ਜੋ ਮੈਂ ਆਪਣੀ ਸੂਚਿਤ ਸਹਿਮਤੀ ਦੇ ਸਕਾਂ
- ਸੇਵਾਵਾਂ, ਉਡੀਕ ਸਮੇਂ ਅਤੇ ਖਰਚਿਆਂ ਬਾਰੇ ਸੂਚਨਾ ਪ੍ਰਾਪਤ ਕਰਾਂ
- ਸਿਹਤ ਸੂਚਨਾ ਨੂੰ ਸਮਝਣ ਅਤੇ ਇਸ ਤੇ ਇਸਤੇਮਾਲ ਕਰਨ ਲਈ ਜਦੋਂ ਵੀ ਮੈਨੂੰ ਲੋੜ ਮਹਿਸੂਸ ਹੋਵੇ, ਮੈਨੂੰ ਸਹਾਇਤਾ ਦਿੱਤੀ ਜਾਵੇ
- ਮੇਰੀ ਸਿਹਤ ਸੂਚਨਾ ਤੱਕ ਪਹੁੰਚ ਦੀ ਬੇਨਤੀ
- ਮੇਰੇ ਇਲਾਜ ਦੇ ਦੌਰਾਨ ਜੇਕਰ ਕੁਝ ਗਲਤ ਹੋਇਆ ਹੈ ਤਾਂ ਇਸ ਬਾਰੇ ਦੱਸਿਆ ਜਾਵੇ, ਅਜਿਹਾ ਕਿਵੇਂ ਵਾਪਰਿਆ, ਇਹ ਮੈਨੂੰ ਕਿਵੇਂ ਪ੍ਰਭਾਵਤ ਕਰ ਸਕਦਾ ਹੈ ਅਤੇ ਸੰਭਾਲ ਨੂੰ ਸੁਰੱਖਿਅਤ ਬਣਾਉਣ ਲਈ ਕੀ ਕੀਤਾ ਜਾ ਰਿਹਾ ਹੈ

### ਨਿਜੱਤਾ

- ਮੇਰੀ ਵਿਅਕਤੀਗਤ ਨਿੱਜਤਾ ਦਾ ਆਦਰ ਕੀਤਾ ਜਾਵੇ
- ਮੇਰੇ ਅਤੇ ਮੇਰੀ ਸਿਹਤ ਸਬੰਧੀ ਸੂਚਨਾ ਨੂੰ ਸੁਰੱਖਿਅਤ ਅਤੇ ਗੁਪਤ ਰੱਖਿਆ ਜਾਵੇ

### ਸੁਝਾਅ ਪ੍ਰਦਾਨ ਕਰਨਾ

- ਮੇਰੇ ਇਲਾਜ ਕੀਤੇ ਜਾਣ ਦੇ ਤਰੀਕਿਆਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਸੁਝਾਅ ਦੇਣਾਂ ਜਾਂ ਸ਼ਿਕਾਇਤ ਕਰਨਾ
- ਮੇਰੀਆਂ ਚਿੰਤਾਵਾਂ ਨੂੰ ਪਾਰਦਰਸ਼ੀ ਤਰੀਕੇ ਨਾਲ ਅਤੇ ਸਮੇਂ ਸਿਰ ਸੰਬੋਧਿਤ ਕਰਨਾ
- ਸੰਭਾਲ ਅਤੇ ਸਹਿਤ ਸੇਵਾਵਾਂ ਬੇਹਤਰ ਬਣਾਉਣ ਲਈ ਇਨ੍ਹਾਂ ਵਿਚ ਭਾਗ ਲੈਣਾ ਅਤੇ ਆਪਣੇ ਤਜ਼ਰਬੇ ਸਾਂਝੇ ਕਰਨਾ

ਜੁਲਾਈ 2019 ਵਿੱਚ ਛਾਪਿਆ

**AUSTRALIAN COMMISSION ON SAFETY AND QUALITY IN HEALTH CARE**

**ਵਧੇਰੇ ਸੂਚਨਾ ਲਈ ਸਟਾਫ ਮੈਂਬਰ ਨੂੰ ਪੁੱਛਣਾ ਜਾਂ ਉੱਥੇ ਜਾਣਾ**
**safetyandquality.gov.au/your-rights**